International Journal for Multidisciplinary Research (IJFMR)
E-ISSN: 2582-2160 ● Website: www.ijfmr.com ● Email: editor@ijfmr.com

# ਜੰਮੂ-ਕਸ਼ਮੀਰ ਦੇ ਪੰਜਾਬੀ ਲੋਕ ਗੀਤਾਂ ਦਾ ਰੂਪਕ ਪੱਖ

ਪ੍ਰੋ. (ਡਾ). ਕੁਲਦੀਪ ਸਿੰਘ

ਭੂਮਿਕਾ

ਇਸ ਵਿਚ ਕੋਈ ਦੋ ਚਿੱਤੀ ਨਹੀਂ ਹੈ ਕਿ ਪੰਜਾਬੀ ਸ਼ਾਇਰੀ ਦੀ ਜੋ ਵੰਨ-ਸੁਵੰਨਤਾ ਲੋਕ ਗੀਤਾਂ 'ਚ ਉੱਭਰਦੀ ਹੈ, ਉਹ ਇਸ ਸ਼ਾਇਰੀ ਦੀ ਅਮੀਰੀ ਅਤੇ ਪਾਰਦਰਸ਼ਤਾ ਦਾ ਪ੍ਰਮਾਣ ਹੈ। ਇਹਨਾਂ ਗੀਤਾਂ ਦੀ ਸ਼ਾਇਰੀ ਦੀ ਵੰਨ-ਸੁਵੰਨਤਾ, ਰੂਪ, ਵੰਨਗੀ ਅਤੇ ਹੋਰ ਕਈ ਪ੍ਰਕਾਰ ਦੀਆਂ ਕਾਵਿਕ ਖ਼ੂਬੀਆਂ 'ਤੇ ਵਿਚਾਰ ਕਰ ਰਹੇ ਹਾਂ।

ਪੰਜਾਬੀ ਭਾਸ਼ਾ ਦੀ ਮਹੱਤਵਪੂਰਨ ਵਿਸ਼ੇਸ਼ਤਾ ਇਹ ਹੈ ਕਿ ਇਸ ਦੀਆਂ ਅਨੇਕਾਂ ਹੀ ਉਪਬੋਲੀਆਂ ਹੋਣ ਦੇ ਬਾਵਜੂਦ ਵੀ ਸ਼ਬਦਾਵਲੀ ਦਾ ਰੂਪ ਕੁਝ ਆਂਚਲਿਕ ਅੰਤਰ ਨੂੰ ਛੱਡ ਕੇ ਸਮੁੱਚੇ ਪੰਜਾਬੀ ਖੇਤਰ ਵਿਚ ਇੱਕ ਸਮਾਨ ਹੀ ਹੈ ਕਿਉਂਕਿ ਇਸ ਭਾਸ਼ਾ ਦੇ ਸਾਹਿਤਕਾਰ ਸਾਹਿਤ ਦੀ ਸਿਰਜਨਾ ਕਰਨ ਸਮੇਂ ਬੋਲੀ ਦੇ ਠੇਠ ਰੂਪ ਨੂੰ ਹੀ ਵਰਤਦੇ ਹਨ। ਜਿੱਥੇ ਰਿਆਸਤ ਵਿਚ ਠੇਠ ਪੰਜਾਬੀ ਦੇ ਲੋਕ ਗੀਤ ਗਾਏ ਜਾਂਦੇ ਹਨ, ਉੱਥੇ ਡੋਗਰੀ, ਗੋਜਰੀ, ਪੂਣਛੀ, ਪੋਠੋਹਾਰੀ ਅਤੇ ਪਹਾੜੀ ਵਿਚ ਵੱਖ-ਵੱਖ ਪ੍ਰਭਾਵਾਂ ਹੇਠ ਗੀਤਾਂ ਦੀ ਸ਼ੈਲੀ ਤੇ ਰੂਪਕ ਪੱਖ ਵੱਖ-ਵੱਖਰੇ ਪ੍ਰਗਟ ਹੁੰਦੇ ਹਨ। ਮੈਂ ਇਹਨਾਂ ਪੰਜਾਬੀ ਲੋਕ ਗੀਤਾਂ 'ਚ ਉੱਭਰਦੇ ਹੋਏ ਰੂਪਕ ਪੱਖ, ਅਲੰਕਾਰ ਅਤੇ ਭਾਸ਼ਾ ਸ਼ਬਦਾਵਲੀ ਪੱਖ ਵਿਚਾਰ-ਗੋਚਰੇ ਇਸ ਪ੍ਰਕਾਰ ਹਨ:

1. ਕਾਵਿ-ਰਸ

ਕਾਵਿ-ਰਸ ਕਿਸੇ ਕਵਿਤਾ ਨੂੰ ਰਸਦਾਇਕ ਬਣਾ ਦਿੰਦੇ ਹਨ ਜੋ ਆਮ ਸਾਧਾਰਨ ਲੋਕਾਂ ਨੂੰ ਖਿੱਚ ਪਾਉਂਦੇ ਹਨ। ਜਦੋਂ ਇਹ ਰਸ ਹਰ ਤਬਕੇ ਦੇ ਲੋਕਾਂ ਨੂੰ ਪੜ੍ਹਨ ਲਈ ਮਜਬੂਰ ਕਰਦੇ ਹਨ, ਤਾਂ ਇਹ ਉਹਨਾਂ ਦੇ ਜੀਵਨ ਦਾ ਅੰਗ ਬਣ ਜਾਂਦੀ ਹੈ। ਪਿੱਛੋਂ ਉਹੀ ਕਵਿਤਾ ਪ੍ਰਸਿੱਧੀ ਪ੍ਰਾਪਤ ਕਰ ਜਾਂਦੀ ਹੈ। ਇਸ ਲਈ ਰਸ ਹੀ ਕਵਿਤਾ ਨੂੰ ਆਮ ਲੋਕਾਂ ਦੀ ਜ਼ਬਾਨ ਦਾ ਹਿੱਸਾ ਬਣਾ ਕੇ ਅਮਰ ਕਰ ਦਿੰਦੇ ਹਨ। ਰਿਆਸਤੀ ਲੋਕ ਗੀਤਾਂ ਵਿਚ ਵੀ ਰਸਾਂ ਦੀ ਵਰਤੋਂ ਹੋਈ ਮਿਲਦੀ ਹੈ, ਜਿਹਨਾਂ ਵਿਚ ਸ਼ਿੰਗਾਰ, ਹਾਸ ਅਤੇ ਬੀਭਤਸ ਰਸ ਦੇ ਕੁਝ ਨਮੂਨੇ ਵੇਖਣਯੋਗ ਹਨ:

ਸ਼ਿੰਗਾਰ ਰਸ:

ਨਾਰ ਹੋਵੇ ਪਤਲੀ ਜਾਨੀ ਰਖੀਐ ਸੀਨੇ ਦੇ ਨਾਲ।
ਬਾਲੋ ਦਾ ਯਾਰ ਡਿੱਠਾ ਜੀਆਂ ਬੱਚਾ ਕਬੂਤਰਾਂ ਦਾ।
ਅੱੱਲਾ ਤੈਨੂੰ ਹੁਸਨ ਦਿੱਤਾ ਜਰਾ ਰਸ ਕੇ ਤਾਂ ਵੇਖਣੇ ਦੇ।

ਹਾਸ ਰਸ:

ਲੋਕ ਗੀਤ ਭਾਵੇਂ ਜ਼ਿੰਦਗੀ ਦੇ ਦੁਖਾਵੇਂ ਪੱਖ ਨੂੰ ਬਹੁਤਾ ਉਭਾਰਦੇ ਹਨ, ਪਰ ਇਹਨਾਂ ਵਿਚ ਹਾਸ ਵਿਲਾਸ ਦੀ ਵੀ ਕੋਈ ਘਾਟ ਨਹੀਂ। ਇੱਥੇ ਹਾਸ ਰਸ ਦਾ ਇੱਕ ਨਮੂਨਾ ਪੇਸ਼ ਕਰਦੇ ਹਾਂ, ਜਿਸ ਵਿਚ ਇੱਕ ਗੁੱਜਰ ਦੀ ਸਰੀਰਕ ਬਣਤਰ ਹਾਸਾ ਪੈਦਾ ਕਰਦੀ ਹੈ:

ਗੁੱਜਰੀ ਨੀ ਕੋਈ ਗੁੱਜਰ ਕੀ ਜਾਤ,
ਨੌਂ ਸੋ ਮੱਖੀਆਂ ਗੁੱਜਰ ਕੇ ਪਾਸ,
ਭਲਾ ਭਲਾ ਮੈਂ ਵਰੀਆਂ ਗੁੱਜਰੀਏ।

ਇਵੇਂ ਹੀ ਔਰਤ ਵਿਆਹ ਦੇ ਮੌਕੇ 'ਤੇ ਸਾਕ-ਸੰਬੰਧੀਆਂ ਬਾਰੇ ਚੋਟਾਂ ਲਾ ਲਾ ਕੇ ਹਾਸਾ ਪੈਦਾ ਕੀਤਾ ਜਾਂਦਾ ਹੈ:

ਤੂੰ ਤਾਂ ਵੀਰ ਭੈਨੂੰ ਸਧਰਾਈ ਦਾ।

ਜੀਜਾ ਸਾਲੀ ਮੁਛਲੀਆਈ ਦਾ।

ਤੂੰ ਤਾਂ ਕੰਤ ਜੋਰੂ ਮੁਟਿਆਲੀ ਦਾ।

ਇੱਕ ਡਰਾਕਲ ਆਸ਼ਕ ਨੂੰ ਤਨਜ ਜਾਂ ਚੋਟ ਰਾਹੀਂ ਪਿਆਰ ਕਰਨ ਲਈ ਵੰਗਾਰਿਆ ਜਾਂਦਾ ਹੈ:

ਸੜਕਾਂ ਤੇ ਆਈ ਲਾਰੀ ,

ਮੁੜ ਮੁੜ ਕੇ ਤੱਕਨੇ ,

ਦਿਲ ਮਨਮਈ ਲਾ ਯਾਰੀ।

ਪਿਆਰ ਵਿਚ ਸੜਦੇ ਦੇ ਉਤਾਵਲੇ ਮਨ ਨੂੰ ਸ਼ਾਂਤੀ ਦੇਣ ਲਈ ਤੇ ਪਿਆਰ ਅੱਗ ਬੁਝਾਉਣ ਲਈ ਮਿੱਠਾ ਜਿਹਾ ਤਨਜ ਵਰਤਿਆ ਗਿਆ ਹੈ:

ਕੋਠੇ ਉੱਤੇ ਲਾ ਤਾਣੀ

ਜਿਗਰਾ ਤਾਂ ਸਨ ਗਿਆ,

ਚੁਲੀਆਂ ਨਾਲ ਬਾਹ ਪਾਈ ।

ਇੱਕ ਮਖੱਟੂ ਤੇ ਬੇਪਰਵਾਹ ਖ਼ਸਮ ਨੂੰ ਕੁੱਝ ਕਰਨ ਦੀ ਪ੍ਰੇਰਨਾ ਇਸ ਤਨਜ਼ ਰਾਹੀਂ ਇਸ ਤਰ੍ਹਾਂ ਦਿੱਤੀ ਗਈ ਹੈ:

ਚਾਰ ਚੂਕੀ ਦਵਾਨੀ ਏ,

ਸ਼ਮਲਾ ਗਿਟਿਆਂ ਤੇ ਘਰ

ਭੁਖੀ ਜਨਾਨੀ ਦੇ।

ਇੱਕ ਹੋਰ ਥਾਂ ਬੇਪਰਵਾਹ ਗੱਭਰੂ ਨੂੰ ਗ੍ਰਿਹਸਤ ਦੀਆਂ ਜ਼ਿੰਮੇਵਾਰੀਆਂ ਸੰਭਾਲਣ ਲਈ ਨਿੱਕੀ ਮਿੱਠੀ ਟੋਕਰ ਹੈ:

ਅਗਾ ਤਾਂ ਆਸੇ ਨਰ ਬਸੇਰਾ,

ਹੁਣ ਹੋਏ ਘਰ ਬਾਰੀ ਸ਼ਮਿਆ ।

ਬੀਭਤਸ ਰਸ:

ਬੀਭਤਸ ਰਸ :- ਬੀਭਤਸ ਰਸ ਬਾਰੇ ਵੀ ਪੰਜਾਬੀ ਲੋਕ ਗੀਤਾਂ 'ਚੋਂ ਕਈ ਪ੍ਰਮਾਣ ਮਿਲਦੇ ਹਨ। ਜਿਵੇਂ ਭੈਣ ਵੀਰ ਦੇ ਪਿਆਰ ਲਈ ਅਰਜ਼ ਕਰ ਰਹੀ ਹੈ:

ਡਿਉਢੀਆਂ ਕੁੰਡੇ ਲਗੇ, ਕੁੰਡਿਆਂ ਨਾਲ ਜ਼ੰਜੀਰ,

ਸਭੇ ਲੋਕ ਹੱਥ ਜੋੜੇ, ਜੀਵਨ ਭੈਣਾਂ ਦੇ ਵੀਰ।

ਅਤੇ

ਭਿਡੜਾ ਤੇਰਾ ਲਾਲਾ , ਜੰਮੂ ਸ਼ਹਿਰੋਂ ਆਇਆ

ਧੁਨਾਂ ਮਜ ਬਣਾਈਆ ਦੇ ਰਾਮ।

2. ਅਲੰਕਾਰ

ਲੋਕ ਬੋਲੀ ਨੂੰ ਸ਼ਿੰਗਾਰਨ ਲਈ ਅਲੰਕਾਰਾਂ ਦੀ ਲੋੜ ਪੈਂਦੀ ਹੈ ਜੋ ਕਿ 7 ਇਹਨਾਂ ਵਿਚੋਂ ਇਹ ਗੁਣ ਸ਼ਹਿਜ ਸੁਭਾਵੀ ਪ੍ਰਗਟ ਹੋ ਜਾਂਦੇ ਹਨ । ਇਹਨਾਂ ਗਿਤਾਵਿਚ ਵੀ ਅਲੰਕਾਰਾਂ ਦੀਆਂ ਬਹੁਤ ਹੀ ਸੰਦਰ ਉਦਾਹਰਣਾ ਮਿਲਦੀਆਂ ਹਨ। ਸਭ ਤੋਂ ਵੱਧ ਉਪਮਾ ਅਲੰਕਾਰ ਦੀ ਵਰਤੋਂ ਹੁੰਦੀ ਹੈ । ਥੋੜੇ ਥੋੜੇ ਵੱਖਵੇ ਤੇ ਇਹਨਾਂ ਦੇ ਸੁੰਦਰ ਨਮੂਨੇ ਮਿਲਦੇ ਹਨ ।ਉਪਮਾ ਅਲੰਕਾਰ ਦੇ ਕੁਝ ਨਮੂਨੇ ਵੇਖੋ । ਜਿਹਨਾਂ ਵਿਚ ਕਿੰਨੀਆਂ ਵਧੀਆਂ ਤੇ ਅਦਭੁਤ ਤੁਲਨਾਵਾਂ ਹਨ:

ਗੁੱਜਰੀ ਦੀ ਤੁਲਨਾ ਪਟ ਨਾਲ:

ਗੁੱਜਰੀ ਨੀ ਕੋਈ ਪਟ ਦਾ ਨਸਾ

ਮੋਟੀਆਂ ਅੱਖੀਆਂ ਲਾਵਹੁ ਮੱਥਾ।

ਮੁਟਿਆਰ ਦੀ ਤੁਲਨਾ ਕੂੰਜ ਨਾਲ:

ਕਸ਼ਮੀਰ ਦੀ ਹੁੰਦੇ ਤੁਧ ਚਿਰ ਕੀਆਂ ਲਾਇਆਂ।

ਬਾਂਲੋ ਤੇ ਮਾਹੀਆ ਦੀ ਸੁੰਦਰਤਾ ਦੀਆਂ ਤੁਲਨਾਵਾਂ:

ਬਾਲੋ ਦਾ ਲੱਕ ਪਤਲਾ , ਜੀਆਂ ਧਾਗਾ ਗੋਲੀ ਦਾ।

ਬਾਲੋ ਦਾ ਯਾਰ ਡਿੱਠਾ ਜੀਆਂ ਬੱਚਾ ਕਬੂਤਰਾ ਦਾ।

ਕੰਵਾਰੀਆ ਦੇ ਤੇਜ਼ ਤਰਾਰ ਸੁਭਾ ਦੀ ਛਰਿਆ ਨਾਲ ਤੁਲਨਾ:-

ਹੁਸਨ ਕੰਵਾਰੀਆਂ ਦੇ,

ਜੀਆਂ ਚਲੇ ਬਦੂੰਕਾ ਦੇ।

ਦਿਲ ਨੂੰ ਜੰਦਰਾ ਪ੍ਰੀਤਮ ਕੂੰਜੀ ਦਾ ਰੂਪ:-

ਤੂੰ ਮੇਰਾ ਦਿਲ ਜੰਦਰਾ ਮੈਂ ਤਾਂ ਕੂੰਜੀ ਸੰਦੂਕਾ ਦੀ ।

ਚੰਨ ਸ਼ਿਕਾਰੀ ਤੇ ਪ੍ਰੇਮਿਕਾ ਮਾਲੀਆਂ ਦਾ ਪੰਖਣੂੰ:-

ਤੁਸੀਂ ਤੇ ਸ਼ਿਕਾਰੀ ਚੰਨਾਂ, ਮੈਂ ਤਾਂ ਪੰਖਣੂੰ ਮਾਲੀ ਦਾ ।

ਪ੍ਰੇਮੀ ਸਰੂ ਦਾ ਬੂਟਾ ਤੇ ਪ੍ਰੇਮਿਕਾ ਲੂਚੇ ਦੀ ਡਾਲੀ :-

ਮੈਂ ਤਾਂ ਬੂਟਾ ਸਰੂਆਂ ਦਾ, ਤੂੰ ਤਾਂ ਡਾਲੀ ਲੂਚੇ ਦੀ।

ਇਸੇ ਹੀ ਤਰਾ ਸਥਿਨਕ ਚੀਜ਼ਾਂ ਨਾਲ ਤੁਲਨਾ ਦੇ ਕੇ ਆਂਚਲਿਕ ਵਾਤਾਵਰਨ ਉਸਾਰਿਆ ਗਿਆ ਹੈ:

ਤੋਤਾ ਅਮਰੀਚੱਟਾ , ਨਾਜ਼ੋ ਲਾਲ ਤ੍ਰੇਲ ।

ਇਸ ਪ੍ਰਕਾਰ ਉਪਮਾ ਦੀ ਵਰਤੋਂ ਆਮ ਸਾਧਾਰਨ ਲੋਕਾਂ ਦੀ ਰੁਚੀ ਦਾ ਪਤਾ ਲਗਦੀ ਹੈ। ਸਿੱਖਾਂ ਦੀ ਜੰਝ ਆਈ ਤੇ ਉਹਦਾ ਦ੍ਰਿਸ਼ ਗੁੱਜਰੀ ਦੀਆਂ ਗੁੰਦੀਆਂ ਮਿੰਦੀਆ ਦਾ ਸ਼ਿੰਗਾਰ ਜਾਪਦਾ ਹੈ:

ਉੱਚਿਆ ਨਕਿਆਂ ਢੋਲਕੀ ਬਜਦੀ

ਸਿੱਖਾਂ ਦੀ ਜੰਜ ਮਤ ਆਈਆਂ

ਜ਼ੀਆ ਛਪਾਂ ਵਾਲੀ ਗੁੱਜਰੀ ਆਈਆਂ।

ਉਪਮਾ ਤੋਂ ਪਿੱਛੋਂ ਕਿਤੇ-ਕਿਤੇ ਅਤਿਕਥਨੀ ਦੀ ਵਰਤੋਂ ਵੀ ਹੋਈ ਮਿਲਦੀ ਹੈ। ਮਗੰਤੇ ਨੇ ਕਿਸੇ ਦੀ ਮੱਤ ਮਾਰ ਦਿੱਤੀ। ਗ਼ਰੀਬ ਦੀ ਮੱਤ ਦਾ ਮਰਨਾ ਦੁੱਖ ਵਾਲੀ ਗੱਲ ਤਾਂ ਸੀ ਪਰ ਇਹ ਖ਼ਬਰ ਜੰਮੂ ਦੀਆਂ ਗਲੀਆਂ ਤੱਕ ਪੁੱਜ ਗਈ ਤੇ ਸਾਰੀ ਕਸ਼ਮੀਰ ਵੀ ਹਿੱਲ ਗਈ:-

ਪੱਤਾ ਤਾਂ ਸ਼ੁੱਣ ਕਰ ਜੰਮੂ ਦੀਆਂ ਰਾਣੀਆਂ

ਹਿਲ ਗਈਆ ਕਸ਼ਮੀਰ ਸਾਰੀ ।

ਕਿਉਂ ਮਾਰੀਆ ਮੰਗਤਿਆਂ ਪੱਤਾ ਮਾਜਰੀ ।

3. ਆਂਚਲਿਕ ਰੰਗ:-

ਇਸ ਵਿਚ ਕੋਈ ਸ਼ੱਕ ਨਹੀਂ ਕਿ ਲੋਕ-ਸਾਹਿਤ ਲੋਕ ਬੋਲੀ ਰਾਹੀਂ ਆਂਚਲਿਕ ਜੀਵਨ ਨੂੰ ਚਿਤਰਦਾ ਹੈ। ਰਿਆਸਤ ਦੇ ਜੀਵਨ 'ਚ ਆਂਚਲਿਕ ਰੰਗ ਇੱਥੋਂ

ਦੀਆਂ ਇਲਾਕਾਈ ਬੋਲੀਆਂ ਰਾਹੀਂ (ਡੋਗਰੀ, ਪੁੰਛੀ, ਗੋਜਰੀ ਜਾਂ ਪਹਾੜੀ) ਰੂਪ ਪ੍ਰਗਟ ਹੁੰਦਾ ਹੈ। ਇੱਥੋਂ ਦੇ ਗੀਤਾਂ 'ਚ ਠੇਠ ਪੰਜਾਬੀ ਦੀ ਛਾਪ ਵੀ ਅਮਿੱਟ ਹੈ, ਪਰ ਕੁਝ ਲੋਕ ਗੀਤ ਤਾਂ ਆਪਣਾ ਨਿਵੇਕਲਾ ਹੀ ਰੰਗ ਪ੍ਰਗਟ ਕਰਦੇ ਹਨ ਜਿਵੇਂ— ਕੈਂਚੀ,ਚੰਨ, ਮਾਹੀਆ ਆਦਿ ਦੇ ਚਿੱਤਰ ਆਂਚਲਿਕ ਰੰਗ ਉਭਾਰਦੇ ਹਨ। ਰਿਆਸਤ ਦੇ ਲੋਕਾਂ ਨੇ ਘੜੇ ਹਨ । ਇਹਨਾਂ ਤੋਂ ਛੁੱਟ ਹੋਰ ਵੀ ਅਨੇਕਾਂ ਕਹੀ ਗੀਤ ਰਿਆਸਤ ਵਿੱਚ ਘੜੇ ਗਏ ਹਨ, ਜਿਨ੍ਹਾਂ ਦੀ ਬੋਲੀ ਸਥਾਨਕ ਰੰਗ ਦਾ ਪ੍ਰਗਟਾਵਾ ਕਰਦੀ ਹੈ। ਕੁਝ ਹੋਰ ਉਦਾਹਰਣਾਂ ਇਸ ਪ੍ਰਕਾਰ ਹਨ:

ਚੰੜੇ ਜੁਗੀ ਘੋੜੀ ਦੇਸੱਈ,
ਦੁੱਧਾ ਜੁੱਗੀ ਮੰਝ ਦੇਸੱਈ,
ਨਾਲਾ ਜੁਗਾਂ ਬੀਰ ਦੇਸੱਈ,
ਨਾ ਰੋ ਮਾੜੀ ਜਾਨ।
ਦੇਈ ਉਮਰੇ ਬਾਬਲ ਮੈਂ ਕੀ ਚੰਨਣਾ ਦਾ ਭਿਡੰੜਾ,
ਸੁੱਖਾ ਤਾਂ ਬੁਵੰਈ ਮਾਹੜੀ ਜਾਣ ਵੇ।
ਅੰਦਰ ਛੋੜਿਆ ਬਾਵਾ, ਬਿਹੜਾ ਵੀ ਛੋੜਿਆ ,
ਛੋੜ ਕੇ ਚਲੀਏ ਚੌਥੀ ਗੁੱਠ,
ਅੰਮਾ ਮਾੜੀ ਡੋਲੀ ਕੋ ਚਾਰ ਹੀ ਪਾਵੇ,
ਬਾਵੇ ਸੱਟ ਦਿੱਤੀਆਂ ਵਿੱਚ ਦਰਾਵੇ।

ਇਹਨਾਂ ਗੀਤਾਂ 'ਚੋ ਆਂਚਲਿਕ ਲੋਕਾਂ ਦੇ ਰਸਮ, ਰਿਵਾਜ, ਪਹਿਰਾਵਾ, ਸਥਾਨਾ ਤੇ ਵਸਤੂਆਂ ਦਾ ਵਰਣਨ ਆਦਿ 'ਚੋਂ ਜੀਵਨ ਦੀਆਂ ਝਲਕੀਆਂ ਦਾ ਚਿੱਤਰ ਮਿਲਦਾ ਹੈ। ਇਸ ਬਾਰੇ ਵੀ ਕੁਝ ਪ੍ਰਮਾਣ ਇਸ ਪ੍ਰਕਾਰ ਹਨ:-

ਸ਼ਹਿਰਾ ਦੀ ਕਰੀਏ ਨੌਕਰੀ ਸਪਾਹੀਆਂ,ਗੁਲਮਰਗਾ ਦੀ ਕਰੀਏ ਸੈਲ ਵੋ।
ਲੈ ਪੈਸੇ ਮੈਂ ਸੋਪਰ ਚਲੀ ਆ, ਆਈਆਂ ਮੱਛੀਆਂ ਚਾਰ।
ਜੋੜੇ ਲੈਂਦੀ ਢੋਲਾ,ਪੂਲਾਂ ਵੀ ਲੈਸਾਂ,ਤੇਰੇ ਨਾਲ ਗੈਸਾਂ।
ਬਿੰਡੇ ਬਹਿੰਦਿਆਂ ਲਾਲਾ ਕੇਸਰ ਪਵੱਈ ਮੁਠੀਆਂ।
ਝੰਗ ਕਾਗਾਨਾ ਦੀ, ਬਰਫ਼ ਸਮਾਨਾਂ ਦੀ ਜਿਹੜੀ ਰਤੀਆਂ ਤੁਲਦੀਆ।

ਉਪਰੋਕਤ ਉਦਾਹਰਣਾਂ ਵਿਚ ਗੁਲਮਰਗ ,ਸਟੋਪਰ,ਤੇ ਮੱਛੀਆਂ ਪੁਲਾਂ, ਕੇਸਰ, ਕਾਗਾਨਾ ਦੀ ਝੰਗ ਤੇ ਬਰਫ਼ ਦਾ ਪੈਣਾ ਨਰੋਲ ਕਸ਼ਮੀਰ ਦੀਆਂ ਵਸਤੂਆਂ, ਸਥਾਨਾਂ ਅਤੇ ਮੌਸਮਾਂ ਦਾ ਵਰਣਨ ਹੋਇਆ ਮਿਲਦਾ ਹੈ।

੪. ਬੋਲੀ/ਭਾਸ਼ਾ

ਲੋਕਾਂ ਦੇ ਜੀਵਨ ਦੀ ਸਾਧਾਰਨਤਾ ਤੇ ਸਾਦਗੀ ਉਹਨਾਂ ਦਾ ਇੱਕ ਸੁਭਾਵਿਕ ਸਿੰਗਾਰ ਹੁੰਦਾ ਹੈ,ਉਸੇ ਹੀ ਪ੍ਰਕਾਰ ਉਹਨਾਂ ਦੀ ਬੋਲੀ ਜਾਂ ਭਾਸ਼ਾ ਦਾ ਆਪਮੁਹਾਰਾ -ਪਨ ਬੋਲੀ ਦੀ ਸੁੰਦਰਤਾ ਨੂੰ ਪੇਸ਼ ਕਰਦਾ ਹੈ। ਇਸ ਪ੍ਰਕਾਰ ਦੀ ਬੋਲੀ ਜਾਂ ਭਾਸ਼ਾ ਸਾਧਾਰਨ ਤੇ ਸਾਫ਼-ਦਿਲ ਲੋਕਾਂ ਦੇ ਜੀਵਨ ਦੀ ਗਵਾਹੀ ਦੇਦੀ ਹੈ—

ਇੱਕ ਥਾਂ 'ਤੇ ਉਚੇ ਲੰਮੇ ਜਵਾਨ ਨੂੰ ਗਰਵ ਨਾਲ ਤੁਰਨ ਦੀ ਸਿੱਖਿਆ ਦਿੱਤੀ ਗਈ ਹੈ:

(ੳ) ਉੱਚਿਆਂ ਲੰਮਿਆਂ ਸ਼ਾਹ ਪਤਲਿਆ ਜਵਾਨਾਂ,
ਤੁਰੀਏ ਬਾਂਹ ਉਲਾਰ ਵੇ ਰਾਮ ।

(ਅ) ਨੀਮਾਂ ਨੀਮਾਂ ਟੁਰੀਏ ਲਾਲਾ,, ਮਿੱਠਾ ਮਿੱਠਾ ਬੋਲੀਏ,

ਲੋਕ ਦੇਵਨ ਸੀਸਾ ਲਾਲਾ ਜੀਵੰਦਾ ਰਹੁ।

ਇਸਤਰੀ ਦੀ ਬਿਹਬਲਤਾ ਤੇ ਆਤੁਰਤਾ ਜਹਾਜ਼ ਦੀ ਆਵਾਜ਼ ਤੋਂ ਉਤਪੰਨ ਹੁੰਦੀ ਹੈ—

ਅਸਮਾਨੀ ਜਹਾਜ਼ ਚਲੇ

ਜਿਸ ਵੇਲੇ ਯਾਦ ਪਵੇ ਬੰਦ ਬੰਦ ਫਰਿਆਦ ਕਰੇ ।

5. ਪ੍ਰਤੀਕ:-

ਗੱਡੀ ਨੂੰ ਮੇਲ ਤੇ ਜੁਦਾਈ ਦਾ ਪ੍ਰਤੀਕ ਮੰਨਿਆ ਗਿਆ ਹੈ:-

ਗੱਡੀ ਆਈ ਗੱਡੀ ਆਈ ਸਮਝੋ,

ਕੁਝਾ ਦੇ ਮੇਲੇ ਚੰਨਾ ਹੂਨ ਕੁਝਾ ਦੀ ਜੁਦਾਈ ਸਮਝੋ ।

ਪ੍ਰੇਮੀਆਂ ਨੂੰ ਕਬੂਤਰਾਂ ਦੀ ਛੋਹ ਪਿਆਰ ਆਲਿੰਗਨ ਦਾ ਸੁਆਦ ਦੇਂਦੀ ਹੈ:-

ਦੋ ਪਤੱਰੇ ਤਾਰਾ ਦੇ,

ਤਲੀ ਉਤਾ ਚੋਗ ਚੁਗਣ ਕਬੂਤਰ ਯਾਰਾਂ ਦੇ।

ਜਾਰੀ ਦਿਲਾਂ ਦੀ ਹੁੰਦੀ ਹੈ, ਸੁਰਮਾ ਤਾਂ ਬਾਹਰਾ ਸਿੰਗਾਰ ਹੀ ਹੈ;-

ਇਕ ਛੱਤਰੀ ਚੋਦੀ ਏ,

ਸੁਰਮੇ ਦਾ ਨਾਂ ਬਦਨਾ ,ਯਾਰੀ ਦਿਲਾਂ ਦੀ ਹੁੰਦੀ ਏ।

6. ਰੂਪ ਅਤੇ ਚਿੱਤਰ:-

ਰੂਪ ਅਤੇ ਚਿੱਤਰ ਵੀ ਭਾਸ਼ਾ ਦੀ ਅਮੀਰੀ ਦਾ ਸੰਕੇਤ ਹੁੰਦੇ ਹਨ। ਇਸ ਸੰਬੰਧਤ ਕਈ ਨਮੂਨੇ ਹਨ:-

ਜਬ ਹਾਰਾ ਨਾਲ ਹਮੇਲ ਸ਼ੋਭਾ,

ਕੰਡੀ ਵਿਚ ਤਵੀਤ ਸ਼ੋਭਾ,

ਭਾਈਆਂ ਦੇ ਵਿਚ ਭੈਣ ਸ਼ੋਭਾ,

ਸਦਾ ਰੂਪੇ ਰੂਪ।

ਸਿਹਰਾ ਬੰਨਦੇ ਲਾਹੜੇ ਨੂੰ ਵੇਖ ਮਾਂ ਦੀ ਖੁਸ਼ੀ ਵਿਚ ਉੱਛਲਦਾ ਮਨ ਇੱਕ ਚਿੱਤਰ ਪੇਸ਼ ਕਰਦਾ ਹੈ:-

ਜੀਵੇਂ ਜੇ ਤੂੰ ਬੱਧਿਆ ਸਿਹਰਾ

ਤੁਸੀਂ ਅੰਮਾਂ ਦਾ ਘੁੰਮਣ -ਘੇਰਾ।

ਸਿੱਟਾ:-

ਲੋਕ ਗੀਤ ਜਿੱਥੇ ਆਂਚਲਿਕ ਬੋਲੀ ਰਾਹੀਂ ਜੀਵਨ ਦੀ ਤਸਵੀਰ ਉਤਾਰਦੇ ਹਨ, ਉੱਥੇ ਇੱਥੋਂ ਦੀ ਪ੍ਰਕ੍ਰਿਤੀ ਵਿਚ ਬਦਲਦੇ ਮੌਸਮ ਅਤੇ ਸਹੁੱਪਣ ਦੇ ਦ੍ਰਿਸ਼ ਵੀ ਪੇਸ਼ ਕਰਦੇ ਹਨ ।ਇਹਨਾਂ ਗੀਤਾਂ ਵਿਚ ਰੂਪ ਤੇ ਬਣਤਰ ਵਿਚ ਵੰਨ-ਸੁਵੰਨਤਾ ਹੈ। ਲੋਕ ਗੀਤ ਸਰੋਦੀ ਕਵਿਤਾ ਦਾ ਇੱਕ ਅਹਿਮ ਅੰਗ ਹਨ। ਇਹ ਨਿਰਸੰਕੋਚ ਮੇਲੇ , ਤਿਉਹਾਰਾਂ ,ਵਿਆਹ, ਢੰਗਾ ਅਤੇ ਖੁਸ਼ੀ-ਗ਼ਮੀ ਦੇ ਮੌਕਿਆਂ 'ਤੇ ਸੰਗੀਤਕ ਸੰਚਾਰ ਕਰਕੇ ਜੀਵਨ ਨੂੰ ਹੁਲਾਸ ਬਖਸ਼ਦੇ ਹਨ । ਇਹਨਾਂ ਵਿਚ ਵੱਨ-ਸੰਵਨੀਆ ਧਾਰਨਾਵਾਂ ਤੇ ਛੰਦ ਹਨ, ਸੰਗੀਤ ਇਹਨਾਂ ਦੀ ਆਤਮਾ ਹੈ। ਮੁਢ ਕਦੀਮ ਤੋਂ ਚੱਲੀਆਂ ਆ ਰਹੀਆਂ ਲੋਕ ਧਾਰਨਾਵਾਂ ਦਾ ਅੱਜ ਵੀ ਪ੍ਰਸਿੱਧ ਫਿਲਮੀ ਸੰਗੀਤ ਵੀ ਰਿੱਣੀ ਹੈ।ਇਹਨਾਂ ਧਾਰਨਾਵਾਂ ਨੂੰ ਸੰਭਾਲਣਾ ਜਾਂ ਰਿਕਾਰਡ ਕਰਨਾ ਪੁਰਾਤਨਤਾ ਤੋਂ ਚਲੇ ਆ ਰਹੇ ਲੋਕ ਸੰਗੀਤ ਵਿਚ

ਸਾਧਾਰਨ ਲੋਕਾਈ ਦੇ ਵੱਡਮੁੱਲੇ ਜਜਬਾਤਾਂ ਦੀ ਝਲਕ ਨੂੰ ਆਉਂਣ ਵਾਲੀਆ ਨਸਲਾ ਲਈ ਸੰਭਾਲਣਾ ਬਹੁਤ ਹੀ ਜਰੂਰੀ ਹੈ। ਨਹੀਂ ਤਾਂ ਇਹ ਵੱਡਮੁੱਲਾ ਵਿਰਸਾ ਸਾਡੀ ਆਉਣ ਵਾਲੀ ਪੀੜ੍ਹੀ ਤੋਂ ਸਦਾ ਲਈ ਖੁਸ਼ ਜਾਵੇਗਾ ।

**ਪ੍ਰੋ ਕੁਲਦੀਪ ਸਿੰਘ**
**ਪਿੰਡ ਕਰਾਲਿਆਂ (ਸਾਂਬਾ)**
**ਮੋਬਾਈਲ -੯੪੧੯੨੩੧੫੧੨.**